ਨਿਊਜ਼ ਰਿਲੀਜ਼

# ਸਾਰੇ 12+ ਐਲਬਰਟਾ ਨਿਵਾਸੀ ਕੋਵਿਡ-19 ਵੈਕਸੀਨ ਲਈ ਯੋਗ

5 ਮਈ 2021

---

ਸਾਰੇ ਐਲਬਰਟਾ ਨਿਵਾਸੀ ਜੋ 12 ਸਾਲ ਜਾਂ ਵੱਧ ਉਮਰ ਦੇ ਹਨ, ਆਪਣੇ ਆਪ ਨੂੰ ਸੁਰੱਖਿਅਤ ਕਰਨ ਅਤੇ ਤੇਜ਼ ਵਾਧੇ ਨੂੰ ਰੋਕਣ ਵਾਸਤੇ ਜਲਦੀ ਹੀ ਕੋਵਿਡ-19 ਵੈਕਸੀਨ ਲਈ ਯੋਗ ਹੋ ਜਾਣਗੇ।

ਅਤਿ ਗੰਭੀਰ ਸਿੱਟਿਆਂ ਦੇ ਸਭ ਤੋਂ ਵੱਧ ਖਤਰੇ ਵਾਲੇ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਲਗਾ ਸਕਣ ਤੋਂ ਬਾਦ, ਐਲਬਟਰਾ ਹੁਣ ਅਗਾਂਹ ਵਧ ਕੇ ਫੇਜ਼ 3 'ਚ ਪੁੱਜ ਗਿਆ ਹੈ, ਜਿੱਥੇ ਹਰ ਕੋਈ ਜੋ 12 ਸਾਲ ਤੋਂ ਵੱਧ ਉਮਰ ਦਾ ਹੈ, ਵੈਕਸੀਨ ਦੀ ਪਹਿਲੀ ਖੁਰਾਕ ਲਗਾਉਣ ਲਈ ਐਪੁਆਇੰਟਮੈਂਟ ਬਣਾ ਸਕਦਾ ਹੈ।

ਇਸ ਵਿਸਤਾਰ ਨਾਲ 3.8 ਮਿਲੀਅਨ ਐਲਬਰਟਾ ਨਿਵਾਸੀ ਕੋਵਿਡ-19 ਵੈਕਸੀਨ ਲਈ ਯੋਗ ਹੋ ਜਾਣਗੇ।

ਬੁੱਕਿੰਗ ਸਿਸਟਮਾਂ 'ਤੇ ਭਾਰੂ ਹੋ ਜਾਣ ਵਾਲੇ ਦਬਾਅ ਨੂੰ ਟਾਲਣ ਵਾਸਤੇ, ਐਪੁਆਇੰਟਮੈਂਟਾਂ ਨੂੰ ਉਮਰ ਦੇ ਹਿਸਾਬ ਨਾਲ ਦੋ ਗਰੁੱਪਾਂ 'ਚ ਵੰਡਿਆ ਜਾਵੇਗਾ।

- 6 ਮਈ ਤੋਂ ਸ਼ੁਰੂ ਹੁੰਦਿਆਂ 30 ਸਾਲ ਜਾਂ ਵੱਧ ਉਮਰ ਦਾ ਹਰੇਕ ਐਲਬਰਟਾ ਨਿਵਾਸੀ (1991 ਜਾਂ ਪਹਿਲਾਂ ਜੰਮਿਆਂ) ਐਲਬਰਟਾ ਹੈਲਥ ਸਰਵਿਸਿਜ਼ ਜਾਂ ਭਾਗ ਲੈਣ ਵਾਲੀ ਕਿਸੇ ਫਾਰਮੇਸੀ ਰਾਹੀਂ ਆਪਣੀ ਐਪੁਆਇੰਟਮੈਂਟ ਬੁੱਕ ਕਰ ਸਕਦਾ ਹੈ।
- 10 ਮਈ ਨੂੰ 12 ਸਾਲ ਤੋਂ ਤੋਂ 29 ਸਾਲ ਦੀ ਉਮਰ ਵਾਲੇ (1992 'ਚ ਜਾਂ 2009 ਤੱਕ ਜਨਮੇਂ) ਐਲਬਰਟਾ ਨਿਵਾਸੀਆਂ ਨੂੰ ਇਸ ਵਿਚ ਸ਼ਾਮਲ ਕਰਨ ਵਾਸਤੇ ਐਪੁਆਇੰਟਮੈਂਟਾਂ ਦੀ ਬੁੱਕਿੰਗ 'ਚ ਵਿਸਤਾਰ ਹੋ ਜਾਵੇਗਾ।)

ਸੂਬੇ ਭਰ ਵਿਚ ਹੁਣ ਤੱਕ ਵੈਕਸੀਨ ਦੀਆਂ 1.66 ਮਿਲੀਅਨ ਖੁਰਾਕਾਂ ਲਗਾਈਆਂ ਜਾ ਚੁਕੀਆਂ ਹਨ। ਸਾਰੀਆਂ ਵੈਕਸੀਨ ਐਪੁਆਇੰਟਮੈਂਟਾਂ ਦਾ ਐਲਬਰਟਾ ਨੂੰ ਆਉਣ ਵਾਲੀ ਵੈਕਸੀਨ ਸਪਲਾਈ 'ਤੇ ਨਿਰਭਰ ਰਹਿਣਾ ਜਾਰੀ ਰਹੇਗਾ।

ਸਾਰੇ ਯੋਗ ਬਣਦੇ ਐਲਬਰਟਾ ਨਿਵਾਸੀ mRNA ਵੈਕਸੀਨ ਲਗਵਾ ਸਕਣ ਲਈ ਐਲਬਰਟਾ ਹੈਲਥ ਸਰਵਿਸਿਜ਼ ਆਨਲਾਈਨ ਜਾਂ 811 ਰਾਹੀਂ ਐਪੁਆਇੰਟਮੈਂਟਾਂ ਬੁੱਕ ਕਰ ਸਕਣ ਦੇ ਯੋਗ ਹੋਣਗੇ।

ਐਲਬਰਟਾ ਨਿਵਾਸੀ ਇੰਨ੍ਹਾਂ ਵੈਕਸੀਨਾਂ ਲਈ ਭਾਗ ਲੈ ਰਹੀਆਂ ਫਾਰਮੇਸੀਆਂ ਰਾਹੀਂ ਵੀ ਆਪਣੀ ਐਪੁਆਇੰਟਮੈਂਟ ਬੁੱਕ ਕਰ ਸਕਦੇ ਹਨ। ਬੁੱਕਿੰਗ ਦੀ ਸਭ ਤੋਂ ਛੇਤੀ ਮਿਲਣ ਵਾਲੀ ਤਰੀਕ ਸਹਿਤ ਆਪਣੀ ਸਭ ਤੋਂ ਨੇੜੇ ਦੀ ਲੁਕੇਸ਼ਨ ਲੱਭਣ ਵਾਸਤੇ ਐਲਬਰਟਾ ਬਲੂ ਕਰਾਸ ਉੱਪਰਲੀ ਲਿਸਟ ਚੈੱਕ ਕਰੋ।

**ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।**

## ਸਬੰਧਤ ਜਾਣਕਾਰੀ

- Book your COVID-19 vaccine appointment

## ਮੀਡੀਆ ਇਨਕੁਆਰੀਆਂ

Tom McMillan
780-422-4905
ਅਸਿਸਟੈਂਟ ਡਾਇਰੈਕਟਰ ਆਫ ਕਮਿਊਨੀਕੇਸਨਜ਼, ਹੈਲਥ

*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: https://www.alberta.ca/covid-19-translated-resources.aspx.*